**ਦਫਤਰ: ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:), ਪੰਜਾਬ, ਅਜੀਤਗੜ੍ਹ।**

**(ਅਮਲਾ-2 ਸ਼ਾਖਾ)**

ਹੁਕਮ ਨੰਬਰ: 02/01-2013 ਅਮਲਾ 2(1)

ਮਿਤੀ ਅਜੀਤਗੜ੍ਹ: 12/07/2013

ਵਿਸ਼ਾ: **ਬੋਗਸ ਤਜਰਬਾ ਸਰਟੀਫਿਕੇਟਾਂ ਧਾਰਕ ਉਮੀਦਵਾਰਾਂ ਦੇ ਕੇਸਾਂ ਵਿੱਚ ਮੁੜ ਪੜਤਾਲ ਕਰਨ ਸਬੰਧੀ।**

ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ ਵਲੋਂ ਟੀਚਿੰਗ ਫੈਲੋਜ ਦੀਆਂ 9998 ਆਸਾਮੀਆਂ ਭਰਨ ਲਈ ਮਿਤੀ 05-09-2007 ਨੂੰ ਵੱਖ ਵੱਖ ਅਖਬਾਰਾਂ ਵਿੱਚ ਵਿਗਿਆਪਨ ਦਿਤਾ ਗਿਆ ਸੀ। ਇਹ ਭਰਤੀ ਜਿਲ੍ਹਾ ਪੱਧਰ ਤੇ ਜਿਲ੍ਹਾ ਚੋਣ ਕਮੇਟੀਆਂ ਭਾਵ ਸਬੰਧਤ ਜਿਲ੍ਹਿਆਂ ਦੇ ਜਿਲ੍ਹਾ ਸਿੱਖਿਆ ਅਫਸਰਾਂ ਵਲੋਂ ਕੀਤੀ ਗਈ ਸੀ। ਇਸ ਭਰਤੀ ਦੀ ਪ੍ਰਕਿਰਿਆ ਦੌਰਾਨ ਬਹੁਤ ਸਾਰੇ ਉਮੀਦਵਾਰਾਂ ਦੇ ਸਰਟੀਫਿਕੇਟ ਵਿਵਾਦਿਤ ਪਾਏ ਗਏ ਸਨ। ਜਿਨਾਂ ਦੀ ਪੜਤਾਲ ਪਹਿਲਾਂ ਜਿਲ੍ਹਾ ਪੱਧਰ ਤੇ ਕੀਤੀ ਗਈ ਸੀ। ਇਹਨਾਂ ਪੜਤਾਲ ਰਿਪੋਰਟਾਂ ਦੇ ਆਧਾਰ ਤੇ ਵਿਵਾਦਿਤ ਤਜਰਬੇ ਸਰਟੀਫਿਕੇਟ ਵਾਲੇ ਬਹੁਤ ਸਾਰੇ ਉਮੀਦਵਾਰਾਂ ਦੀਆਂ ਸੇਵਾਂਵਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਵਲੋਂ ਖਤਮ ਕਰ ਦਿੱਤੀਆਂ ਗਈਆਂ ਸਨ। ਸੇਵਾਂਵਾ ਖਤਮ ਕੀਤੇ ਬਹੁਤ ਉਮੀਦਵਾਰਾਂ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਸਿਵਲ ਰਿੱਟ ਪਟੀਸਨਾਂ ਨੰ 16434, 16553, 16522, 16480, 16490,16474, 16470, 16527, 16531, 16537 ਅਤੇ 16521 ਆਫ 2009 ਦਾਇਰ ਕਰ ਦਿੱਤੀਆ ਸਨ। ਇਹਨਾ ਕੇਸਾ ਵਿੱਚ ਮਾਨਯੋਗ ਹਾਈ ਕੋਰਟ ਵਲੋਂ ਮਿਤੀ 29-10-2009 ਨੂੰ ਦਿਤੇ ਆਦੇਸਾਂ ਦੀ ਪਾਲਣਾ ਹਿੱਤ ਸਰਕਾਰ, ਸਿਖਿਆ ਵਿਭਾਗ, (ਸਿਖਿਆ 7 ਸਾਖਾ) ਨੇ ਦਫਤਰੀ ਹੁਕਮ ਨੰ 7/262/09-4ਸਿ7/5510 ਮਿਤੀ 30-10-2009 ਰਾਹੀ ਇਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਵਲੋ ਸਬੰਧਤ ਉਮੀਦਵਾਰਾਂ ਨੂੰ ਨਿਜੀ ਸੁਣਵਾਈ ਦਾ ਮੋਕਾ ਦਿੰਦੇ ਹੋਏ ਅਤੇ ਸਬੰਧਤ ਸੰਸਥਾਵਾ ਤੋਂ ਰਿਕਾਰਡ ਮੰਗਵਾ ਕੇ ਪੜਤਾਲ ਕੀਤੀ ਗਈ। ਫਿਰ ਵੀ ਜਿਆਦਾ ਤਾਦਾਤ ਵਿੱਚ ਉਮੀਦਵਾਰਾਂ ਦੇ ਤਜਰਬਾ ਸਰਟੀਫਿਕੇਟ ਜਾਅਲੀ ਹੀ ਪਾਏ ਗਏ। ਬਹੁਤ ਸਾਰੇ ਉਮੀਦਵਾਰਾਂ ਵਿਰੁੱਧ ਕੇਸ ਵੀ ਰਜਿਸਟਰ ਕਰਵਾਏ ਗਏ। ਕਿਸੇ ਵੀ ਕੇਸ ਵਿੱਚ ਮਾਨਯੋਗ ਕੋਰਟ ਵਲੋਂ ਵਿਭਾਗ ਵਲੋਂ ਕੀਤੀ ਕਾਰਵਾਈ ਨੂੰ ਗਲਤ ਨਹੀਂ ਕਿਹਾ।

ਬਹੁਤ ਸਾਰੇ ਉਮੀਦਵਾਰ ਅਜੇ ਵੀ ਮਾਨਯੋਗ ਪੰਜਾਬ ਅਤੇ ਹਰਿਆਣਾ ਵਿਖੇ ਰਿੱਟਾਂ ਦਾਇਰ ਕਰ ਰਹੇ ਹਨ ਅਤੇ ਵਾਰ ਵਾਰ ਵਿਭਾਗ ਨੂੰ ਪ੍ਰਤੀਬੇਨਤੀਆਂ ਦੇ ਰਹੇ ਹਨ। ਇਸ ਲਈ ਸਰਕਾਰ ਵਲੋਂ ਫੈਸਲਾ ਲਿਆ ਗਿਆ ਹੈ ਕਿ ਅਜਿਹੇ ਉਮੀਦਵਾਰਾਂ ਨੂੰ ਇੱਕ ਆਖਰੀ ਮੌਕਾ ਦੇ ਦਿੱਤਾ ਜਾਵੇ। ਇਸ ਉਪਰੰਤ ਕਿਸੇ ਵੀ ਉਮੀਦਵਾਰ ਨੂੰ ਕੋਈ ਸੁਣਵਾਈ ਦਾ ਮੋਕਾ ਨਹੀ ਦਿਤਾ ਜਾਵੇ। ਸਾਰੇ ਪ੍ਰਭਾਵਿਤ ਉਮੀਦਵਾਰਾਂ ਨੂੰ ਇੱਕ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਤੀ 12.07.13 ਤੋਂ 26.07.13 ਤਕ ਆਪਣੇ ਕਲੇਮ ਡੀ.ਪੀ.ਆਈ. (ਐ.ਸਿ), ਪੰਜਾਬ, ਮੁਹਾਲੀ ਕੰਪਲੈਕਸ ਪੰਜਾਬ ਸਕੂਲ ਸਿਖਿਆ ਬੋਰਡ, 6ਵੀ ਮੰਜਿਲ, ਫੇਜ 8 ਮੁਹਾਲੀ ਦੇ ਦਫਤਰ ਵਿਖੇ ਦੇ ਸਕਦੇ ਹਨ। ਕਲੇਮ ਹਰ ਪੱਖੋਂ ਰਿਕਾਰਡ ਦੇ ਆਧਾਰ ਤੇ ਮੁਕੰਮਲ ਹੋਣਾ ਚਾਹੀਦਾ ਹੈ। ਕੇਵਲ ਰਿਕਾਰਡ ਦੇ ਆਧਾਰ ਤੇ ਮੁਕੰਮਲ ਕਲੇਮਜ ਨੂੰ ਹੀ ਵਿਚਾਰਿਆ ਜਾਵੇਗਾ। ਅਧੂਰੇ ਕਲੇਮ ਪਹਿਲੀ ਸਟੇਜ ਤੇ ਹੀ ਰੱਦ ਕਰ ਦਿੱਤੇ ਜਾਣਗੇ। ਇਸ ਸਟੇਜ ਤੇ ਵੀ ਜੇਕਰ ਕੋਈ ਕਲੇਮ ਜਾਅਲੀ ਪਾਇਆ ਗਿਆ ਤਾਂ ਵਿਭਾਗ ਵਲੋਂ ਸਬੰਧਤ ਉਮੀਦਵਾਰ ਅਤੇ ਸਬੰਧਤ ਸੰਸਥਾ ਨੂੰ ਬਲੈਕ ਲਿਸਟ ਕਰਦੇ ਹੋਏ, ਉਹਨਾਂ ਵਿਰੁੱਧ ਧੋਖਾਦੜੀ ਦਾ ਮੁਕੱਦਮਾ ਤੁਰੰਤ ਦਰਜ ਕਰਵਾ ਦਿੱਤਾ ਜਾਵੇਗਾ।

ਦਰਸ਼ਨ ਕੌਰ 12/7/13

ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:),

ਪੰਜਾਬ।